ਅਧਿਆਇ ਦੂਜਾ

# ਰਾਜਨੀਤੀ ਵਿਚ ਪ੍ਰਵੇਸ਼ ਅਤੇ ਕੈਦ

ਭਾਰਤ ਅਤੇ ਪੰਜਾਬ ਦੇ ਇਤਿਹਾਸ ਵਿਚ ਸੰਨ 1919 ਦਾ ਸਾਲ ਮਹੱਤਵਪੂਰਣ ਹੈ । ਭਾਰਤੀਆਂ ਨੇ ਅੰਗਰੇਜ਼ੀ ਸਰਕਾਰ ਦੀ ਪਹਿਲੇ ਵਿਸ਼ਵ ਯੁੱਧ ਵੇਲੇ ਬੜੀ ਸਹਾਇਤਾ ਕੀਤੀ ਸੀ । ਸੰਨ 1915 ਦੇ ਡੀਫੈਂਸ ਔਫ ਇੰਡੀਆ ਐਕਟ ਅਧੀਨ ਸਰਕਾਰ ਨੂੰ ਰਾਜ ਵਿਰੁੱਧ ਸਾਜ਼ਿਸ਼ਾਂ ਰੋਕਣ ਅਤੇ ਸ਼ਹਿਰੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦ ਕਰਨ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ । ਅੰਗ੍ਰੇਜ਼ੀ ਸਰਕਾਰ ਇਨ੍ਹਾਂ ਅਧਿਕਾਰਾਂ ਨੂੰ ਛਡਣਾ ਨਹੀਂ ਚਾਹੁੰਦੀ ਸੀ । ਰਾਉਲੈਟ ਕਮੇਟੀ ਦੀਆਂ ਸ਼ਿਫਾਰਸ਼ਾਂ ਤੇ ਭਾਰਤ ਦੀ ਅੰਗ੍ਰੇਜ਼ੀ ਸਰਕਾਰ ਨੇ ਰਾਉਲੈਟ ਐਕਟ 21 ਮਾਰਚ , 1919 ਨੂੰ ਪਾਸ ਕੀਤਾ । ਇਸ ਐਕਟ ਅਨੁਸਾਰ ਅਰਾਜਕਤਾ ਵਾਲੇ ਮੁਕੱਦਮਿਆਂ ਦਾ ਨਿਪਟਾਰਾ ਕਰਨ ਲਈ ਹਾਈ ਕੋਰਟ ਦੇ ਤਿੰਨ ਜੱਜਾਂ ਦੀ ਇਕ ਉੱਚ ਅਧਿਕਾਰੀ ਅਦਾਲਤ ਵਿਚ ਇਨ੍ਹਾਂ ਮੁਕੱਦਮਿਆਂ ਨੂੰ ਚਲਾਇਆ ਜਾ ਸਕਦੀ ਸੀ । ਇਸ ਅਦਾਲਤ ਦੇ ਫੈਸਲੇ ਦੇ ਵਿਰੁੱਧ ਨਾ ਕੋਈ ਅਪੀਲ ਹੋ ਸਕਦੀ ਸੀ ਅਤੇ ਨਾ ਹੀ ਸਫਾਈ ਦਿਤੀ ਜਾ ਸਕਦੀ ਸੀ । ਇਨ੍ਹਾਂ ਅਦਾਲਤਾਂ ਨੂੰ ਆਪਣੀ ਕਾਰਵਾਈ ਗੁਪਤ ਰੱਖਣ ਦੇ ਅਧਿਕਾਰ ਸਨ । ਇਸ ਐਕਟ ਅਨੁਸਾਰ ਐਗਜ਼ੈਕਟਿਵ ਨੂੰ ਅਧਿਕਾਰ ਸਨ ਕਿ ਕ੍ਰਾਂਤੀਕਾਰੀ ਸਰਗਰਮੀਆਂ ਦੇ ਸ਼ੱਕ ਵਿਚ ਕਿਸੇ ਵਿਅਕਤੀ ਦੀ ਸੁਤੰਤਰਤਾ ਸਲਬ ਕਰੇ ਲਵੇ । ਐਗਜ਼ੇਕਟਿਵ ਨੂੰ ਇਹ ਵੀ ਵਿਸ਼ੇਸ਼ ਅਧਿਕਾਰ ਦਿਤੇ ਕਿ ਉਹ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਾਰੰਟਾਂ ਦੇ ਗ੍ਰਿਫਤਾਰ ਕਰ ਲਵੇ, ਉਸ ਦੀ ਤਲਾਸ਼ੀ ਲਵੇ ਅਤੇ ਉਸ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਦੇ ਉਸ ਭਾਗ ਵਿਚ ਰੱਖੇ ਜੋ ਆਮ ਤੌਰ ਤੇ ਸਜ਼ਾ ਯਾਫਤਾ ਮੁਜਰਿਮਾਂ ਲਈ ਨਾ ਵਰਤਿਆ ਜਾਂਦਾ ਹੋਵੇ । ਉਸ ਵਿਅਕਤੀ ਨੂੰ ਸਾਲ ਭਰ ਤਕ ਜੇਲ੍ਹ ਵਿਚ ਰਖਿਆ ਜਾ ਸਕਦਾ ਸੀ ।[1]

ਇਸ ਕਾਲੇ ਕਾਨੂੰਨ ਵਿਰੁੱਧ ਸਾਰੇ ਦੇਸ਼ ਵਿਚ ਰੋਸ ਫੈਲ ਗਿਆ । ਮਹਾਤਮਾ ਗਾਂਧੀ ਨੇ ਲੋਕਾਂ ਨੂੰ ਐਕਟ ਵਿਰੁਧ ਸਤਿਆਗ੍ਰਹਿ ਕਰਨ ਲਈ ਕਿਹਾ । ਇਸ ਐਕਟ ਵਿਰੁੱਧ ਹਿੰਦੂਆਂ ਅਤੇ ਮੁਸਲਮਾਨਾਂ ਨੇ ਇਕ ਦੂਜੇ ਨੂੰ ਸਹਿਯੋਗ ਦਿਤਾ । ਪੰਜਾਬ ਵਿਚ ਹਿੰਦੂ ਮੁਸਲਮਾਨ ਅਤੇ ਸਿੱਖ ਇਸ ਐਕਟ ਦੇ ਵਿਰੋਧੀ ਸਨ ਅਤੇ ਉਨ੍ਹਾਂ ਦਾ ਮਿਲਾਪ ਸਿਖਰ ਤੇ ਪੁਜਿਆ ਹੋਇਆ ਸੀ । ਇਸ ਐਕਟ ਦੇ ਵਿਰੁੱਧ ਥਾਂ ਥਾਂ ਜਲਸੇ ਹੋਏ ਤੇ ਸਰਕਾਰ ਦੀ ਨਿਖੇਧੀ ਕੀਤੀ ਗਈ । ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਲੋਕਾਂ ਤੇ ਬਹੁਤ ਜੁਲਮ ਢਾਏ । ਡਾ: ਵੀ. ਡੀ. ਮਹਾਜਨ ਲਿਖਦੇ ਹਨ, "ਸਿਰ ਮਾਇਕਲ ਪੰਜਾਬ ਦਾ ਲੋਹ ਪੁਰਸ਼ ਪ੍ਰਸਿੱਧ ਸੀ । ਉਸ ਦਾ ਰਾਜਨੀਤਕ ਸੁਧਾਰਾਂ ਵਿਚ ਵਿਸ਼ਵਾਸ ਨਹੀਂ ਸੀ ਅਤੇ ਸਿਟੇ ਵਜੋਂ ਉਸ ਨੂੰ ਰਾਜਨੀਤਕ ਅੰਦੋਲਨਕਾਰੀਆਂ ਨਾਲ ਕੋਈ ਹਮਦਰਦੀ ਨਹੀਂ ਸੀ ।[2] ਉਸ ਨੇ 7 ਅਪ੍ਰੈਲ 1919 ਦੀ ਪੰਜਾਬ ਲੈਜਿਸਲੇਟਿਵ ਕੌਂਸਲ ਦੀ ਇਕੱਤਰਤਾ ਵਿਚ ਇਹ ਧਮਕੀ ਦਿਤੀ ਕਿ "ਮੈਂ ਇਹ ਸਾਫ ਕਰ ਦੇਣਾ ਚਾਹੁੰਦਾ ਹਾਂ ਕਿ ਜੇ ਅਮਨ ਅਤੇ ਕਾਨੂੰਨ ਨੂੰ ਖਤਰੇ ਦੀ ਹਾਲਤ, ਮੁੜ ਕੇ, ਪੈਦਾ ਹੋ ਜਾਏ ਤਾਂ ਬਦਅਮਨੀ ਨੂੰ ਖਤਮ ਕਰਨ ਲਈ ਸਰਕਾਰ ਹਰ ਸੰਭਵ ਹਥਿਆਰ ਤੇ ਅਧਿਕਾਰ ਵਰਤਣ ਵਿਚ ਰਤਾ ਮਾਸਾ ਢਿੱਲ ਨਹੀਂ ਕਰੇਗੀ । .... ਇਸ ਸੂਬੇ ਦੀ ਸਰਕਾਰ ਨੇ, ਜਿਵੇਂ ਪਹਿਲਾਂ ਵੀ ਸੀ, ਅੱਗੇ ਨੂੰ ਵੀ , ਸਦਾ ਲਈ, ਪੱਕੀ ਧਾਰੀ ਹੋਈ ਹੈ ਕਿ ਜਦੋਂ ਅਸੀਂ ਇਥੇ ਲੜਾਈ ਦੇ ਦੌਰਾਨ ਬਦਅਮਨੀ ਨੂੰ ਸਿਰ ਨਹੀਂ ਚੁਕਣ ਦਿੱਤਾ ਤਾਂ ਹੁਣ ਅਮਨ ਦੇ ਜ਼ਮਾਨੇ ਵੀ ਕਿਸੇ ਪ੍ਰਕਾਰ ਦੀ ਗੜਬੜ ਨਹੀਂ ਹੋਣ ਦਿਆਂਗੇ .....ਅੰਗਰੇਜ਼ ਸਰਕਾਰ ਗੈਰ-ਮੁਲਕੀ ਵੈਰੀਆਂ ਨੂੰ ਹਰਾ ਸਕਦੀ ਹੈ, ਅੰਦਰੂਨ. ਬਗ਼ਾਵਤਾਂ ਨੂੰ ਕੁਚਲ ਸਕਦੀ ਹੈ, ਉਹ ਇਨ੍ਹਾਂ ਐਜੀਟੇਟਰਾਂ ਦੀ ਭਲਾ ਕੀ ਪ੍ਰਵਾਹ ਕਰੇਗੀ ? ਪਰ ਇਹਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਸਿਧੇ ਸਾਦੇ ਨੌਜਵਾਨਾਂ ਦੀ ਹਿਫ਼ਾਜ਼ਤ ਕਰ ਜਿਨ੍ਹਾਂ ਨੂੰ ਇਹ ਐਜੀਟੇਟਰ ਵਰਗਲਾ ਕੇ ਸ਼ਰਾਰਤ ਅਤੇ ਜੁਰਮਾਂ ਦੇ ਰਾਹ ਪਾ ਕੇ ਆਪ ਪਾਸੇ ਹੋ ਜਾਇਆ ਕਰਦੇ ਹਨ । ਇਸ ਲਈ ਮੈਂ ਉਨ੍ਹਾਂ ਸਾਰਿਆਂ ਨੂੰ ਇਸ ਮੌਕੇ ਤੇ ਤਾੜਨਾ ਕਰਦਾ ਹਾਂ ਜਿਹੜੇ ਸੂਬੇ ਵਿਚ ਚਲਾਈਆਂ ਜਾ ਰਹੀਆਂ ਤਹਿਰੀਕਾਂ ਨਾਲ ਵਾਹ ਰਖਦੇ ਹਨ । ਉਨ੍ਹਾਂ ਦੀਆਂ

ਮੀਟਿੰਗ ਵਿਚ ਕੀਤੀਆਂ ਜਾਣ ਵਾਲੀਆਂ ਤਕਰੀਰਾਂ ਦੀ ਭਾਸ਼ਾ ਅਤੇ ਮੀਟਿੰਗਾਂ ਦੇ ਸਮੁੱਚੇ ਵਰਤਾਰੇ ਦੇ ਨਤੀਜਿਆਂ ਦੀ ਜੁਮੇਵਾਰੀ ਉਨ੍ਹਾਂ ਦੇ ਸਿਰ ਹੋਵੇਗੀ ।

ਉਸ (ਸਰਕਾਰ ) ਨੇ ਤਿਲਕ ਅਤੇ ਬੀ. ਸੀ. ਪਾਲ ਨੂੰ ਪੰਜਾਬ ਵਿਚ ਦਾਖਲ ਨਹੀਂ ਹੋਣ ਦਿਤਾ । ਉਸ ਨੇ ਮਹਾਤਮਾ ਗਾਂਧੀ ਦੇ ਪੰਜਾਬ ਵਿਚ ਦਾਖਲੇ ਤੇ ਪਾਬੰਦੀ ਲਗਾ ਦਿਤੀ 9 ਅਪ੍ਰੈਲ ਨੂੰ ਮਹਾਤਮਾ ਗਾਂਧੀ ਨੂੰ ਪੰਜਾਬ ਪ੍ਰਾਂਤ ਦੇ ਸਰਹਦੀ ਰੇਲਵੇ ਸਟੇਸ਼ਨ ਤੇ ਉਸ ਦੇ ਆਦੇਸ਼ ਪੁਲਿਸ ਨੇ ਦਿਤੇ ਅਤੇ ਪੁਲਿਸ ਅਧਿਕਾਰੀਆਂ ਨੇ ਅਗਲੀ ਰੇਲ ਗਡੀ ਵਿਚ ਮਹਾਤਮਾ ਜੀ ਨੂੰ ਬੰਬਈ ਭੇਜ ਦਿਤਾ ।[4]

ਅੰਮ੍ਰਿਤਸਰ ਵਿਚ 30 ਮਾਰਚ ਅਤੇ 6 ਅਪ੍ਰੈਲ ਨੂੰ ਹੜਤਾਲ ਹੋਈ । 9 ਅਪ੍ਰੈਲ 1919 ਨੂੰ ਪੰਜਾਬ ਸਰਕਾਰ ਨੇ ਡਾ. ਸਤਿਆਪਾਲ ਅਤੇ ਕਿਚਲੂ ਦੇ ਪੰਜਾਬ ਵਿਚੋਂ ਜਲਾਵਤਨ ਕਰਨ ਅਤੇ ਧਰਮਸ਼ਾਲਾ ਵਿਖੇ ਨਜ਼ਰਬੰਦ ਕਰਨ ਦੇ ਆਦੇਸ਼ ਜਾਰੀ ਕੀਤੇ ।10 ਅਪ੍ਰੈਲ, 1919 ਨੂੰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਤੋਂ ਬਾਹਰ ਭੇਜ ਦਿਤਾ । ਇਸ ਤੇ ਸਾਰੇ ਸ਼ਹਿਰ ਨੇ ਹੜਤਾਲ ਕੀਤੀ । ਲੋਕਾਂ ਦਾ ਜਲੂਸ ਡਿਪਟੀ ਕਮਿਸ਼ਨਰ ਦੇ ਨਿਵਾਸ ਅਸਥਾਨ ਤੇ ਪੁਜਾ ਅਤੇ ਆਗੂਆਂ ਦੀ ਰਿਹਾਈ ਦੀ ਮੰਗ ਕੀਤੀ । ਉਨ੍ਹਾਂ ਦੇ ਪਾਸ ਨਾ ਲਾਠੀਆਂ ਸਨ ਅਤੇ ਨਾ ਡੰਡੇ । ਉਨ੍ਹਾਂ ਨੂੰ ਪੁਲਿਸ ਨੇ ਰੇਲਵੇ ਫਾਟਕ ਪਾਸ ਰੋਕ ਲਿਆ ਅਤੇ ਗੋਲੀ ਚਲਾ ਦਿਤੀ । ਇਸ ਤੇ ਹਜੂਮ ਭੜਕ ਉਠਿਆ ਅਤੇ ਅਗਾਂ ਲਗਾਉਣੀਆਂ ਆਰੰਭ ਕਰ ਦਿਤੀਆਂ । ਯੂਰਪੀਆਂ ਤੇ ਹੱਲੇ ਕੀਤੇ । ਇਮਾਰਤਾਂ ਨੂੰ ਅੱਗ ਲਗਾ ਦਿਤੀ ਅਤੇ ਗੋਦਾਮ ਲੁਟ ਲਏ । ਜਦੋਂ ਸੈਨਿਕ ਮੌਕੇ ਤੇ ਪੁਜੇ, ਹਜੂਮ ਖਿੰਡ ਪੁੰਡ ਗਿਆ । ਸਰਕਾਰ ਨੇ 11 ਅਪ੍ਰੈਲ , 1919 ਨੂੰ ਲੋਕਾਂ ਨੂੰ ਮੁਰਦਿਆਂ ਦਾ ਅੰਤਮ ਸੰਸਕਾਰ ਕਰਨ ਦੀ ਆਗਿਆ ਦਿਤੀ ।[5]

11ਅਪ੍ਰੈਲ 1919 ਨੂੰ ਲਾਹੌਰ ਦੀ ਬਾਦਸ਼ਾਹੀ ਮਸੀਤ ਵਿਚ ਕਾਂਗਰਸ ਨੇ ਇਕ ਵਡਾ ਜਲਸਾ ਕੀਤਾ । ਇਸ ਵਿਚ ਕਾਂਗਰਸੀ ਨੇਤਾਵਾਂ ਲਾਲਾ ਹਰ ਕ੍ਰਿਸ਼ਨ ਲਾਲ, ਪੰਡਤ ਚੌਧਰੀ ਰਾਮ ਭਜ ਦਤ, ਡਾਕਟਰ ਗੋਕਲ ਚੰਦ ਨਾਰੰਗ, ਡਾਕਟਰ ਕਿਚਲੂ ਅਤੇ ਮੋਤਾ ਸਿੰਘ ਆਦਿ ਨੇ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦੀ ਇੱਕਤਰਤਾ ਨੂੰ ਸੰਬੋਦਿਤ ਕੀਤਾ । ਇਸ ਦਿਨ ਸ਼ਹਿਰ ਵਿਚ ਹੜਤਾਲ ਸੀ । ਜਲਸੇ ਵਿਚ ਇਕ ਮੁਸਲਮਾਨ ਖੁਫੀਆ ਡਾਇਰੀ ਲਿਖਣ ਵਾਲੇ ਇਨਸਪੈਕਟਰ ਨੂੰ ਲੜਕਿਆਂ ਨੇ ਕਟਿਆ । ਥੋੜੀ ਦੇਰ ਪਿਛੋਂ ਮਸੀਤ ਉਪਰ ਉਡ ਰਹੇ ਛੇ ਹਵਾਈ ਜਹਾਜਾਂ ਨੇ ਇਸ਼ਤਿਹਾਰ ਸੁੱਟੇ , ਜਿਸ ਵਿਚ ਲੋਕਾਂ ਨੂੰ ਖਿੰਡ ਜਾਣ ਦੇ ਆਦੇਸ਼ ਦਿਤੇ ਸਨ । ਇਕ ਵਜੇ ਦੇ ਲਗ ਭਗ ਲਾਹੌਰ ਦਾ ਡਿਪਟੀ ਕਮਿਸ਼ਨਰ ਅਤੇ ਹੋਰ ਅਫ਼ਸਰ ਹੀਰਾ ਮੰਡੀ ਵਿਚੋਂ ਸ਼ਾਹੀ ਮਸੀਤ ਵੱਲ ਆ ਰਹੇ ਸਨ । ਇਕ ਕਾਲਜ ਦੇ ਵਿਦਿਆਰਥੀ ਖੁਸ਼ੀ ਰਾਮ ਨੇ ਡਿਪਟੀ ਕਮਿਸ਼ਨਰ ਨੂੰ ਰੋੜੀ ਮਾਰੀ , ਜੋ ਉਸ ਨੂੰ ਲਗੀ । ਇਕ ਮੁਸਲਮਾਨ ਆਨਰੇਰੀ ਮਜਿਸਟ੍ਰੇਟ ਨੇ, ਜਿਹੜਾ ਡਿਪਟੀ ਕਮਿਸ਼ਨਰ ਨਾਲ ਸੀ, ਗੋਲੀ ਚਲਾਈ ਜਿਸ ਦੇ ਨਾਲ ਖੁਸ਼ੀ ਰਾਮ ਜ਼ਖਮੀ ਹੋ ਗਿਆ । ਖਬਰ ਪੁਜਦੇ ਹੀ, ਜਲਸਾ ਖਤਮ ਕਰਕੇ ਲੋਕੀ ਸੂਤਰ ਮੰਡੀ ਪੁਜੇ ਜਿਥੇ ਜ਼ਖਮੀ ਖਸ਼ੀ ਰਾਮ ਇਕ ਡਾਕਟਰ ਦੇ ਘਰ ਲਿਆਂਦਾ ਗਿਆ ਸੀ । ਡਾਕਟਰ ਦੇ ਘਰ ਹੀ ਖੁਸ਼ੀ ਰਾਮ ਮਰ ਗਿਆ । ਉਸ ਦੀ ਅਰਥੀ ਨਾਲ ਲਗ ਭਗ ਇਕ ਲੱਖ ਲੋਕੀ ਸਨ । ਉਸ ਵੇਲੇ ਝੱਬਰ ਵੀ ਆਪਣੇ ਸਕੂਲ ਦੀਆਂ ਪੁਸਤਕਾਂ ਖਰੀਦਣ ਲਈ ਲਾਹੌਰ ਆਇਆ ਹੋਇਆ ਸੀ ਅਤੇ ਅਰਥੀ ਦੇ ਨਾਲ ਸੀ । ਸ਼ਮਸਾਨ ਭੂਮੀ ਵਿਚ ਪਹੁੰਚ ਕੇ ਝੱਬਰ ਨੇ ਇਕ ਜੋਸ਼ੀਲਾ ਭਾਸ਼ਨ ਦਿਤਾ । ਇਹ ਅੰਗ੍ਰੇਜ਼ੀ ਸਰਕਾਰ ਦੇ ਵਿਰੁੱਧ ਝੱਬਰ ਦਾ ਪਹਿਲਾ ਭਾਸ਼ਨ ਸੀ ।[6]

13 ਅਪ੍ਰੈਲ, 1919 ਵਿਸਾਖੀ ਦੇ ਦਿਨ ਜਲ੍ਹਿਆਂ ਵਾਲੇ ਬਾਗ਼ ਵਿਚ ਕਾਂਗਰਸ ਦਾ ਜਲਸਾ ਸੀ । ਇਸ ਜਲਸੇ ਦਾ ਆਯੋਜਕ ਡਾ: ਮੁਹੰਮਦ ਬਸ਼ੀਰ ਸੀ । ਜਨਰਲ ਡਾਇਰ ਦੇ ਪਹੁੰਚਦ ਤੋਂ ਪਹਿਲਾਂ ਸਤ ਭਾਸ਼ਨ ਹੋ ਚੁੱਕੇ ਸਨ । ਵਕਤਿਆਂ ਦੇ ਨਾਂ ਹੰਸ ਰਾਜ , ਅਬਦੁਲ ਅਜ਼ੀਜ਼, ਗੁਰਬਖ਼ਸ਼ ਰਾਏ ਸਿੰਘ , ਅਬਦੁਲ ਮਜੀਦ ਅਤੇ ਬ੍ਰਿਜ ਗੋਪੀ ਨਾਥ

ਸਨ । ਇਨ੍ਹਾਂ ਨੇ ਅੰਗ੍ਰੇਜ਼ਾਂ ਦੇ ਵਿਰੁਧ ਸੁਤੰਤਰਤਾ ਸੰਗਰਾਮ ਵਿਚ ਭਾਗ ਲਿਆ ਸੀ ਬ੍ਰਿਜ ਗੋਪੀ ਨਾਥ ਲੇ ਆਪਣੀ ਕਵਿਤਾ ਪੜ੍ਹਣੀ ਖ਼ਤਮ ਕੀਤੀ ਸੀ ਅਤੇ ਦੁਰਗਾ ਦਾਸ , ਸਮਾਚਾਰ ਪਤਰ 'ਵਕਤ ' ਦਾ ਐਡੀਟਰ ਭਾਸ਼ਨ ਦੇ ਰਿਹਾ ਸੀ । ਇਹ ਸਮਾਚਾਰ ਪੱਤਰ ਅੰਮ੍ਰਿਤਸਰ ਵਿਚ ਸੁਤੰਤਰਤਾ ਸੰਗਰਾਮ ਦਾ ਮਾਧਿਅਮ ਸੀ । ਜਨਰਲ ਨੇ ਖ਼ੁਦ ਹਾਉਸ ਆਫ ਲਾਰਡਜ਼ ਵਿਚ ਮੰਨਿਆ ਕਿ ਜਲਸਾ ਸੁਣਨ ਵਾਲਿਆਂ ਪਾਸ ਨਾ ਤੇ ਘਾਤਿਕ ਹਥਿਆਰ ਸਨ ਅਤੇ ਨਾ ਹੀ ਡੰਡੇ ਸਨ ।[7] ਜਨਰਲ ਡਾਇਰ ਨੇ ਸੈਨਿਕਾਂ ਨੂੰ ਗੋਲੀ ਚਲਾਉਣ ਦੇ ਆਦੇਸ਼ ਦਿਤੇ । ਪੰਜਾਹ ਸੈਨਿਕਾਂ ਨੇ 165● ਗੋਲੀਆਂ ਚਲਾਈਆਂ ।[8]

ਡਾਇਰ ਨੇ ਲੈਫਟੀਨੈਂਟ ਗਵਰਨਰ ਨੂੰ ਲਿਖਿਆ ਸੀ ਕਿ ਮਰਨ ਵਾਲਿਆਂ ਦੀ ਗਿਣਤੀ ਦੋ ਅਤੇ ਤਿੰਨ ਸੌ ਦੇ ਵਿਚਕਾਰ ਸੀ । ਸਰਕਾਰੀ ਅੰਕੜਿਆਂ ਅਨੁਸਾਰ 379 ਬੰਦੇ ਮਾਰੇ ਗਏ ਅਤੇ 12●● ਫਟੜ ਹੋਏ ਭਾਵੇਂ ਪਹਿਲਾਂ ਸਰਕਾਰ ਨੇ ਐਲਾਨ ਕੀਤਾ ਸੀ ਕਿ 2●● ਤੋਂ ਵੱਧ ਆਦਮੀ ਨਹੀਂ ਮਰੇ ।[9] 12 ਸਤੰਬਰ, 1919 ਨੂੰ ਇੰਮਪੀਰੀਅਲ ਲੈਜਿਸਟੇਟਿਵ ਕੌਂਸਲ ਦੀ ਇੱਕਤਰਤਾ ਵਿਚ ਭਾਸ਼ਨ ਦਿੰਦੇ ਹੋਏ ਪੰਡਤ ਮਦਨ ਮੋਹਨ ਮਾਲਵੀਯਾ ਨੇ ਕਿਹਾ ਕਿ ਮਾਰੇ ਜਾਣ ਵਾਲਿਆਂ ਦੀ ਗਿਣਤੀ ਦਾ 19●● ਅੰਕ ਸਚਾਈ ਦੇ ਵਧੇਰੇ ਨੇੜੇ ਹੈ ।[1●] ਮਾਰੇ ਜਾਣ ਵਾਲਿਆਂ ਵਿਚ 42 ਛੋਟੇ ਲੜਕੇ ਵੀ ਸਨ ਜਿਨ੍ਹਾਂ ਵਿਚੋਂ ਸਭ ਤੋਂ ਛੋਟੇ ਦੀ ਉਮਰ ਕੇਵਲ 7 ਮਹੀਨੇ ਸੀ ।[11] ਇਹ ਅੰਦਾਜ਼ਾ ਤੱਥਾਂ ਦੇ ਨੇੜੇ ਹੈ ਕਿਉਂਕਿ ਉਸ ਵਲਗਣ ਵਿਚ ਪੰਦਰਾਂ ਹਜਾਰ ਲੋਕਾਂ ਦੀ ਭੀੜ ਸੀ । ਲੋਕ ਕੇਵਲ ਗੋਲੀਆਂ ਨਾਲ ਹੀ ਨਹੀਂ ਮਰੇ । ਗੋਲੀਆਂ ਚਲਣ ਤੇ ਲੋਕਾਂ ਦੀ ਅੰਨ੍ਹੇ ਵਾਹ ਨਸਦੀ ਹੋਈ ਭੀੜ ਦੇ ਪੈਰਾਂ ਹੇਠ ਕੁਚਲੇ ਜਾਣ ਨਾਲ ਵੀ ਕਾਫੀ ਲੋਕ ਮਰੇ ।

ਜਲ੍ਹਿਆਂ ਵਾਲੇ ਬਾਗ਼ ਦੇ ਕਤਲਆਮ ਦੀ ਖ਼ਬਰ ਦੂਰ ਦੂਰ ਤਕ ਫੈਲ ਗਈ । ਖਾਲਸਾ ਦੀਵਾਨ ਚੂਹੜਕਾਣੇ, ਜ਼ਿਲ੍ਹਾ ਸ਼ੇਖੂਪੁਰਾ ਵਿਚ ਵਿਸਾਖੀ ਦੇ ਅਵਸਰ ਤੇ ਦੀਵਾਨ ਲਗਿਆ ਹੋਇਆ ਸੀ । ਇਸ ਦੀਵਾਨ ਵਿਚ ਝੱਬਰ ਨੇ ਰਾਉਲਟ ਐਕਟ ਬਾਰੇ ਭਾਸ਼ਨ ਦਿਤਾ ।[12] ਰਾਏ ਸਾਹਿਬ ਸ੍ਰੀ ਰਾਮ ਸੂਦ, ਐਕਸਟਰਾ ਅਸਿਸਟੈਂਟ ਕਮਿਸ਼ਨਰ , ਸਬ ਡਵੀਜਨਲ ਅਫਸਰ ਸ਼ੇਖੂਪੁਰਾ ਨੇ ਡਿਸਆਰਡਰਜ਼ ਇਨਕੁਆਇਰੀ ਕਮੇਟੀ ਦੇ ਸਾਹਮਣੇ ਬਿਆਨ ਦਿਤਾ ਕਿ 13 ਅਪ੍ਰੈਲ ਨੂੰ ਗੁਰਦੁਆਰਾ ਸੱਚਾ ਸੌਦਾ ਵਿਖੇ ਦੀਵਾਲੀ ਦੇ ਅਵਸਰ ਤੇ ਇੱਕਤਰਤਾ ਹੋਈ । ਉਸ ਨੇ ਕਿਹਾ,"ਇਸ ਇੱਕਤਰਤਾ ਵਿਚ ਦੋ ਆਗੂਆਂ ਜਿਨ੍ਹਾਂ ਦੇ ਨਾਂ ਤੇਜਾ ਸਿੰਘ ਅਤੇ ਕਰਤਾਰ ਸਿੰਘ ਸਨ, ਨੇ ਰਾਜ-ਵਿਦ੍ਰੋਹ ਦਾ ਪ੍ਰਚਾਰ ਕੀਤਾ । (ਇਨ੍ਹਾਂ ਵਿਚੋਂ ਪਹਿਲਾ ਤਾਂ ਲਾਹੌਰ ਵਿਖੇ ਜਲਸਿਆਂ ਵਿਚ ਉਪਸਥਿਤ ਹੁੰਦਾ ਸੀ ਅਤੇ ਦੂਜਾ ਚੂਹੜਕਾਣਾ ਮੰਡੀ ਵਿਚ ਖਾਲਸਾ ਸਕੂਲ ਦਾ ਪ੍ਰਬੰਧ ਕਰ ਰਿਹਾ ਸੀ) । ਉਨ੍ਹਾਂ ਦੇ ਨਾਲ ਲਗਦੇ ਪਿੰਡਾਂ ਤੋਂ ਮੇਲੇ ਤੇ ਇਕੱਠੀ ਹੋਈ ਇਕ ਵੱਡੀ ਸਭਾ ਨੂੰ ਸੰਬੋਧਿਤ ਕੀਤਾ ।[13]" ਉਸ ਨੇ ਆਪਣੇ ਬਿਆਨ ਵਿਚ ਕਿਹਾ ਕਿ 14 ਅਪ੍ਰੈਲ ਨੂੰ ਕੋਈ ਘਟਨਾ ਨਹੀਂ ਵਾਪਰੀ । 15 ਅਪ੍ਰੈਲ ਨੂੰ ਸਵੇਰੇ ਚੂਹੜਕਾਣਾ ਮੰਡੀ ਦੇ ਕਝ ਲੋਕਾਂ ਨੇ ਨਹਿਰ ਦੇ ਪੁਲ ਤੇ ਰੇਲ ਦੀ ਲਾਈਨਾਂ ਪੁਟ ਦਿਤੀਆਂ । ਇਸ ਦੀ ਸੈਨਿਕ ਗੱਡੀ ਵਿਚ ਆਏ ਸੈਨਿਕਾਂ ਨੇ ਮੁਰੰਮਤ ਕਰ ਦਿਤੀ । ਸੈਨਿਕ ਗੱਡੀ ਦੇ ਜਾਣ ਤੋਂ ਪਿਛੋਂ ਦੋ ਅਤੇ ਤਿੰਨ ਵਜੇ ਦੇ ਵਿਚਕਾਰ , ਚੂਹੜਕਾਣਾ ਮੰਡੀ ਅਤੇ ਪਿੰਡ ਅਤੇ ਨੇੜੇ ਦੇ ਪਿੰਡਾਂ ਤੋਂ ਇੱਕਠੇ ਹੋਏ ਲੋਕਾਂ ਨੇ ਮਰੁੰਮਤ ਕੀਤੀ ਹੋਈ ਲਾਈਨ ਅਤੇ ਹਰ ਲਾਈਨ ਪੁਟ ਦਿਤੀ ਅਤੇ ਟੈਲੀਫੂਨ ਦੀਆਂ ਤਾਰਾਂ ਅਤੇ ਸਟੇਸ਼ਨ ਨੂੰ ਲੁਟਣ ਪਿਛੋਂ ਸਾੜ ਦਿਤਾ । ਹਜੂਮ ਨੇ ਇਕ ਰੇਲ ਗੱਡੀ ਰੋਕ ਲਈ, ਬਰੇਕ ਡੱਬਾ ਲੁਟ ਲਿਆ । ਉਨ੍ਹਾਂ ਨੇ ਰੇਲ ਗੱਡੀ ਦੇ ਸ਼ੀਸ਼ੇ ਅਤੇ ਫਰਨੀਚਰ ਤੋੜ ਦਿਤਾ । ਉਸ (ਸਬ ਡਵੀਜ਼ਨਲ ਅਫ਼ਸਰ) ਨੂੰ ਚੂਹੜਕਾਣਾ ਮੰਡੀ ਦੇ ਇਕ ਮੈਂਬਰ ਨੇ ਤਾਰ ਰਾਹੀਂ ਸੂਚਿਤ ਕੀਤਾ । 1● ਵਜੇ ਰਾਤ ਨੂੰ ਚੂਹੜਕਾਣੇ ਦਾ ਜੈਲਦਾਰ ਮੰਗਲ ਸਿੰਘ ਜਿਸ ਦੇ ਪੁੱਤਰ ਬਾਰੇ ਪਿਛੋਂ ਪਤਾ ਲਗਾ ਕਿ ਫਸਾਦਾਂ ਨਾਲ ਸੰਬੰਧਤ ਹੈ, ਸਬਡੀਜ਼ਨਲ ਅਫ਼ਸਰ ਪਾਸ ਸ਼ੇਖੂਪੁਰੇ ਪੁਜਾ । ਉਸ ਨੇ ਸੂਚਨਾ ਦਿਤੀ ਕਿ ਦੋ ਤੇ ਤਿੰਨ ਹਜ਼ਾਰ ਦੇ ਲਗ ਭਗ ਲੋਕਾਂ ਦਾ ਹਜੂਮ ਚੂਹੜਕਾਣਾ ਸਟੇਸ਼ਨ ਤੋਂ ਸਾਂਗਲੇ ਵਲ ਨਹਿਰ ਦੇ ਤੋੜੇ ਹੋਏ ਪੁਲ ਤੇ ਇਕਤ੍ਰਿਤ ਹੋ ਗਿਆ ਹੈ ਅਤੇ ਸ਼ਰਾਰਤ ਤੇ ਤੁਲਿਆ ਹੋਇਆ ਹੈ । ਉਸ ਨੇ ਦੇਖਿਆ ਕਿ ਰਾਹ

ਵਿਚ ਬਹੁਤ ਸਾਰੇ ਪੇਂਡੂ ਜਲੂਸ ਦੇ ਵਿਚ ਸ਼ਾਮਲ ਹੋਣ ਲਈ ਤੇਜੀ ਨਾਲ ਜਾ ਰਹੇ ਸਨ । ਉਸ ਨੇ ਅਫਵਾਹਾਂ ਸੁਣੀਆਂ ਹਨ ਕਿ ਚੂਹੜਕਾਣੇ ਤੋਂ ਪਰੇ ਸਾਂਗਲਾ ਵਲ ਲਾਈਨ ਨੂੰ ਤੋੜਿਆ ਜਾ ਰਿਹਾ ਹੈ । ਰੋਕੀ ਹੋਈ ਰੇਲ ਗੱਡੀ ਦਾ ਗਾਰਡ ਚੂਹੜਕਾਣੇ ਤੋਂ ਸ਼ੇਖੂਪੁਰੇ ਪੈਦਲ ਚਲ ਕੇ ਪੁਜਾ ਅਤੇ ਉਸ ਨੇ ਸਬ ਡਵੀਜ਼ਨਲ ਅਫ਼ਸਰ ਦੇ ਸਾਹਮਣੇ ਮੰਗਲ ਸਿੰਘ ਦੇ ਬਿਆਨ ਦੀ ਪੁਸਟੀ ਕੀਤੀ ।

11-55 ਵਜੇ ਰਾਤ ਨੂੰ ਇਕ ਹਥਿਆਰਬੰਦ ਰੇਲ-ਗੱਡੀ ਸ਼ੇਖੂਪੁਰੇ ਪਹੁੰਚੀ ਅਤੇ ਸਬਡਵੀਜ਼ਨਲ ਅਫ਼ਸਰ ਉਸ ਦੇ ਵਿਚ ਚੂਹੜਕਾਣੇ ਪੁਜਾ । ਉਸ ਨੇ ਅਤੇ ਉਸ ਦੇ ਸਾਥੀਆਂ ਨੇ ਸ਼ੇਖੂਪੁਰੇ ਵਲ ਚੂਹੜਕਾਣੇ ਦੇ ਰੇਲਵੇ ਸਟੇਸ਼ਨ ਦੇ ਰੇਲ ਦੇ ਕਾਂਟੇ ਵਾਲੇ ਦਾ ਬਕਸਾ ਲਾਈਨ ਤੇ ਪਿਆ ਦੇਖਿਆ ਇਸ ਨੂੰ ਹਟਾ ਦਿਤਾ ਗਿਆ । ਉਨ੍ਹਾਂ ਨੇ ਕੁਝ ਆਦਮੀ ਲਾਈਨ ਸ਼ਰਾਰਤ ਕਰਨ ਦੇ ਇਰਾਦੇ ਨਾਲ ਖੜੇ ਦੇਖੇ । ਉਨ੍ਹਾਂ ਨੇ ਮਸ਼ੀਨ ਗਨ ਨਾਲ ਗੋਲੀਆਂ ਚਲਾਈਆਂ ਅਤੇ ਅਗਲੀ ਸਵੇਰ ਉਨ੍ਹਾਂ ਨੂੰ ਇਕ ਮਛੀ ਦੀ ਲਾਸ਼ ਉਥੋਂ ਮਿਲੀ ਜਿਹੜਾ ਕੇ ਨੇੜੇ ਦੇ ਪਿੰਡ ਕੁਜਾਰ ਦਾ ਵਸਨੀਕ ਸੀ । ਚੂਹੜਕਾਣੇ ਸਟੇਸ਼ਨ ਤੇ ਇੱਕਤ੍ਰਿਤ ਹਜੂਮ ਗੋਲੀਆਂ ਦੀ ਆਵਾਜ਼ ਸੁਣ ਕੇ ਅਤੇ ਸਰਚਲਾਈਟ ਦੀ ਰੋਸ਼ਨੀ ਦੇਖ ਕੇ ਖਿੰਡ ਪੁੰਡ ਗਿਆ ।

ਚੂਹੜਕਾਣਾ ਸਟੇਸ਼ਨ ਤੇ ਉਨ੍ਹਾਂ ਨੂੰ ਪਤਾ ਲਗਾ ਕਿ ਕੁਝ ਲੋਕੀ ਇਕ ਫੈਕਟਰੀ ਵਿਚ ਛੁਪੇ ਹੋਏ ਹਨ । ਉਹ ਫੈਕਟਰੀ ਪਹੁੰਚ ਅਤੇ ਦਰਵਾਜ਼ਾ ਜ਼ਬਰਦਸਤੀ ਖੋਲਣ ਤੋਂ ਨੇੜੇ ਦੇ ਪਿੰਡ ਨੋਖਰ ਦਾ ਵਸਨੀਕ ਸਿੱਖ ਨੌਜਵਾਨ ਮਹਿਨਾ ਸਿੰਘ ਮਿਲਿਆ । ਉਥੇ ਇਕ ਨਵੀਂ ਛਵੀ ਵੀ ਮਿਲੀ ਜਿਹੜੀ ਕਿ ਸ਼ਾਇਦ ਮਹਿਨਾ ਸਿੰਘ ਦੀ ਸੀ ਜਿਸ ਨੂੰ ਉਸ ਨੇ ਛੁਪਣ ਤੋਂ ਪਹਿਲਾਂ ਰੱਖ ਦਿਤਾ ਸੀ । ਉਨ੍ਹਾਂ ਨੇ ਕੁਝ ਗੋਲੀਆਂ ਵੀ ਚਲਾਈਆਂ ਪਰ ਕੋਈ ਜ਼ਖਮੀ ਨਹੀਂ ਹੋਇਆ । ਅਗਲੇ ਦਿਨ ਸਬ ਡਵੀਜ਼ਨਲ ਅਫ਼ਸਰ ਅਤੇ ਉਸ ਦੇ ਸਾਥੀਆਂ ਨੇ ਪਿੰਡ ਚੂਹੜਕਣਾ ਪਾਸ ਇਕ ਰੇਲ ਗੱਡੀ ਰੋਕੀ ਅਤੇ ਟੈਲੀਗ੍ਰਾਫ ਅਤੇ ਰੇਲ ਦੀਆਂ ਲਾਈਨਾਂ ਦੀ ਮੁਰੰਮਤ ਦੀ ਨਿਗਰਾਨੀ ਕੀਤੀ । ਉਨ੍ਹਾਂ ਨੇ ਪਿੰਡ ਦੇ ਵਿਚ ਲੋਕਾਂ ਦੀ ਹਲਚਲ ਦੇਖੀ । ਉਹ ਪਿੰਡ ਵਿਚ ਗਏ । ਉਨ੍ਹਾਂ ਨੇ ਮਸ਼ੀਨ ਗਨ ਅਤੇ ਬੰਦੂਕਾਂ ਨਾਲ ਗੋਲੀਆਂ ਚਲਾਈਆਂ ਅਤੇ ਹਜੂਮ ਨੂੰ ਖਿੰਡਾ ਦਿਤਾ । ਸਬ ਡਵੀਜ਼ਨਲ ਅਫ਼ਸਰ ਨੂੰ ਪਿਛੋਂ ਪਤਾ ਲਗਾ ਕਿ ਇਹ ਪੰਜ ਸੌ ਦੇ ਲਗ ਭਗ ਆਦਮੀਆਂ, ਜਿਹੜੇ ਕੁਲਾਹੜੀਆਂ ਅਤੇ ਲਾਠੀਆਂ ਨਾਲ ਹਥਿਆਰਬੰਦ ਹੋ ਗਏ ਸਨ, ਨੇ ਉਨ੍ਹਾਂ ਤੇ ਹੱਲਾ ਕਰਨਾ ਸੀ ਅਤੇ ਉਨ੍ਹਾਂ ਨੇ ਹਜੂਮ ਨੂੰ ਪਹਿਲਾਂ ਹੀ ਖਿੰਡਾ ਦਿਤਾ । ਗੋਲੀ ਚਲਾਉਣ ਨਾਲ ਤਿੰਨ ਆਦਮੀ ਜ਼ਖ਼ਮੀ ਹੋਏ ਜਿਨ੍ਹਾਂ ਵਿਚੋਂ ਇਕ ਮਰ ਗਿਆ ।[14]

ਭਾਈ ਕਰਤਾਰ ਸਿੰਘ ਝੱਬਰ ਨੇ 15 ਅਪ੍ਰੈਲ ਨੂੰ ਹੋਈਆਂ ਘਟਨਾਵਾਂ ਬਾਰੇ ਲਿਖਿਆ ਹੈ ਕਿ ਜਲ੍ਹਿਆਂ ਵਾਲੇ ਬਾਗ਼ ਦੇ ਸਮਾਚਾਰ ਪਤਰਾਂ ਵਿਚ ਛਪਣ ਤੋਂ ਪਿਛੋਂ ਚੂਹੜਕਾਣਾ ਮੰਡੀ ਦੇ ਨੌਜਵਾਨਾਂ ਨੇ ਨਹਿਰ ਦਾ ਪੁਲ ਤੋੜ ਦਿਤਾ, ਤਾਰਾਂ ਤੋੜ ਦਿਤੀਆਂ ਲਾਈਨਾਂ ਉਖਾੜ ਦਿਤੀਆਂ ਅਤੇ ਰੇਲਵੇ ਸਟੇਸ਼ਨ ਤੇ ਸਰਕਾਰੀ ਦਫ਼ਤਰ ਆਦਿ ਨੂੰ ਅਗ ਲਗਾ ਦਿਤੀ । ਲਗ ਭਗ ਪੰਜ ਵਜੇ ਲਾਹੌਰ ਵਲੋਂ ਇਕ ਰੇਲ-ਗੱਡੀ ਆਈ । ਹਜੂਮ ਨੇ ਬਰੇਕ-ਡੱਬਾ ਲੁਟ ਲਿਆ । ਉਸ ਦਿਨ ਝੱਬਰ ਜੀ ਕੁਝ ਬੀਮਾਰ ਸਨ । ਪਰ ਉਹ ਹਿੰਮਤ ਕਰਕੇ ਸਟੇਸ਼ਨ ਤੇ ਪਹੁੰਚੇ ਤਾਂ ਕਿ ਕਿਸੀ ਨੂੰ ਕੋਈ ਕਸ਼ਟ ਨਾ ਹੋਵੇ । ਉਨ੍ਹਾਂ ਨੇ ਰੇਲਵੇ ਸਟੇਸ਼ਨ ਤੇ ਦੇਖਿਆ ਕਿ ਇਕ ਬੁਢਾ ਗੱਡੀ ਤੋਂ ਉਤਰਿਆ ਸੀ । ਉਸ ਦੇ ਲੱਕ ਦੇ ਗਿਰਦ ਬੰਧੀ ਵਾਂਸਲੀ ਦੇ ਟੁਟਣ ਨਾਲ ਰੁਪਏ ਗਿਰ ਗਏ ਸਨ । ਹਜੂਮ ਨੇ ਉਹ ਸਾਰੇ ਰੁਪਏ ਇਕੱਤਰ ਕਰਕੇ ਉਸ ਬੁਢੇ ਨੂੰ ਦੇ ਦਿਤੇ । ਪਲੇਟੀਅਰ ਦੀਵਾਨ ਚੰਦ ਨੇ ਕਿਸੀ ਰੇਲਵੇ ਦੇ ਕਰਮਚਾਰੀ ਦੀ ਤਨਖਾਹ ਰੁਕਵਾਈ ਸੀ । ਉਸ ਨੇ ਮੌਕਾ ਦੇਖ ਕੇ ਪਲੇਟ ਫਾਰਮ ਤੇ ਖੜੇ ਪਲੇਟੀਅਰ ਨੂੰ ਡਾਂਗ ਮਾਰੀ । ਝੱਬਰ ਜੀ ਨੇ ਉਸ ਨੂੰ ਬਚਾਇਆ । ਉਹ ਬੁਢਾ ਜਿਸ ਦੇ ਰੁਪਏ ਗਿਰ ਗਏ ਸਨ ਬਾਵਾ ਬੁੱਧ ਸਿੰਘ ਨਿਗਰਾਨ ਇਨਜੀਨੀਅਰ ਪੀ. ਡਬਲਯੂ. ਡੀ. ਸੀ। ਉਸ ਨੇ ਕਿਹਾ ਕੇ ਮੇਰੇ ਨਾਲ ਮੇਰਾ ਪਰਿਵਾਰ ਹੈ ਅਤੇ 1●-12 ਹਜ਼ਾਰ ਰੁਪਏ ਵੀ ਹਨ ਮੈਨੂੰ ਬਚਾਓ । ਝੱਬਰ ਜੀ ਨੇ ਉਨ੍ਹਾਂ ਨੂੰ ਸਮੇਤ

ਪਰਿਵਾਰ ਦੇ ਮੰਡੀ ਚੂਹੜਕਾਨਾ ਵਿਚ ਸਰਦਾਰ ਜੀਵਨ ਸਿੰਘ ਲੂੰਬਾ ਅੜ੍ਹਤੀ ਦੇ ਘਰ ਠਹਿਰਾ ਦਿਤਾ । ਸਵੇਰੇ ਉਨ੍ਹਾਂ ਰੇੜ੍ਹੀ ਕਿਰਾਏ ਤੇ ਲੈ ਲਿਤੀ ਅਤੇ ਬਾਦਰਵਾਲੀ ਰੇਲ ਗਡੀ ਦੇ ਸਟੇਸ਼ਨ ਤੇ ਪਹੁੰਚੇ । ਫਿਰ ਉਹ ਰੇਲ ਗੱਡੀ ਤੇ ਲੈ ਚੜ੍ਹਕੇ ਲਾਇਲਪੁਰ ਤਹੁੰਚ ਗਏ ।

ਰਾਤ ਦੇ ਬਾਰਾਂ ਵਜੇ ਇਕ ਹੋਰ ਰੇਲ ਗੱਡੀ ਲਾਹੌਰ ਤੋਂ ਆਈ । ਉਸ ਗਡੀ ਵਿਚ ਗੋਰੇ ਸੈਨਿਕਾਂ ਦੇ ਨਾਲ ਸ੍ਰੀ ਰਾਮ ਸੂਦ ਅਸਿਸਟੈਂਟ ਕਮਿਸ਼ਨਰ ਸ਼ੇਖੂਪੁਰੇ ਆਇਆ । ਉਨ੍ਹਾਂ ਪਾਸ ਸਰਚਲਾਈਟ ਸੀ । ਉਨ੍ਹਾਂ ਨੇ ਅੰਨੇ ਵਾਹ ਗੋਲੀਆਂ ਚਲਾਉਣੀਆਂ ਆਰੰਭ ਕਰ ਦਿਤੀਆਂ , ਜਿਸ ਨਾਲ ਕੁਝ ਆਦਮੀ ਮਾਰੇ ਗਏ ਅਤੇ ਕੁਝ ਫਟੜ ਹੋਏ । 16 ਅਪ੍ਰੈਲ ਨੂੰ ਉਨ੍ਹਾਂ ਨੇ ਗ੍ਰਿਫਤਾਰੀਆਂ ਕਰਨੀਆਂ ਆਰੰਭ ਕਰ ਦਿਤੀਆਂ । ਝੱਬਰ ਸਵੇਰੇ ਹਰੀ ਸਿੰਘ ਬਜਾਜ਼ ਦੀ ਹੱਟੀ ਤੇ ਗਿਆ ਸ੍ਰੀ ਰਾਮ ਸੂਦ ਦੇ ਨਾਲ ਆਏ ਗੋਰੇ ਸੈਨਿਕਾਂ ਨੇ ਇਨ੍ਹਾਂ ਨੂੰ ਘੇਰੇ ਵਿਚ ਲੈ ਲਿਆ ਅਤੇ ਭਾਈ ਹਰੀ ਸਿੰਘ ਨੂੰ ਬਿਨ੍ਹਾਂ ਪੁੱਛ-ਗਿੱਛ ਦੇ ਸੋਟੀਆਂ ਮਾਰਨੀਆਂ ਆਰੰਭ ਕਰ ਦਿਤੀਆਂ । ਝੱਬਰ ਇਹ ਸਖਤੀ ਦੇਖ ਕੇ ਸਕੂਲ ਦੇ ਲੜਕਿਆਂ ਅਤੇ ਲੋਕਾਂ ਨੂੰ ਸੂਚਿਤ ਕਰਨ ਲਈ ਸਕੂਲ ਵਿਚ ਗਿਆ, ਉਸ ਨੇ ਮਾਸਟਰਾਂ, ਲੜਕਿਆਂ ਅਤੇ ਲੋਕਾਂ ਨੂੰ ਕਿਹਾ ਕਿ ਮੰਡੀ ਵਿਚ ਅਗ ਲਗੀ ਹੋਈ ਹੈ , ਉਹ ਆਪਣਾ ਬਚਾਉ ਕਰਨ । ਮੰਡੀ ਦੇ ਬਹੁਤ ਸਾਰੇ ਆਦਮੀ ,ਲੜਕੇ ਅਤੇ ਮਾਸਟਰ ਦੂਰ ਜੰਗਲ ਵਿਚ ਚਲੇ ਗਏ । ਸ੍ਰੀ ਰਾਮ ਸੂਦ ਅਤੇ ਗੋਰੇ ਸੈਨਿਕਾਂ ਨੇ ਲਗ ਭਗ ਚਾਰ ਸੌ ਆਦਮੀਆਂ ਨੂੰ ਗ੍ਰਿਫਤਾਰ ਕੀਤਾ । ਲਗ ਭਗ 4 ਵਜੇ ਸ਼ਾਮ ਨੂੰ ਮੰਡੀ ਚੂਹੜਕਾਣੇ ਤੋਂ ਗੱਡੀ ਵਿਚ ਬੈਠਕੇ ਸ੍ਰੀ ਰਾਮ ਸੂਦ ਅਤੇ ਗੋਰੇ ਸੈਨਿਕ ਪਿੰਡ ਚੂਹਡਕਾਣੇ ਪਹੁੰਚੇ ਅਤੇ ਉਥੇ ਅੰਧਾ ਧੁੰਧ ਗੋਲੀ ਚਲਾਉਣ ਨਾਲ ਕੁਝ ਆਦਮੀ ਜ਼ਖਮੀ ਹੋਏ ਅਤੇ ਕੁਝ ਮਾਰੇ ਗਏ ।

ਝੱਬਰ ਜੀ , ਮਾਸਟਰ ਬਲਬੀਰ ਸਿੰਘ , ਮਾਸਟਰ ਅਰਜਨ ਸਿੰਘ ਅਤੇ ਸਕੂਲ ਦੇ ਬਾਰਾਂ ਵਿਦਿਆਰਥੀ ਉਥੋ. ਚਲਕੇ ਪਿੰਡ ਢਿਲਵੀਂ ਪਹੁੰਚੇ ਅਤੇ ਰਾਤ ਉਥੇ ਗੁਜਾਰੀ । ਅਗਲੇ ਦਿਨ ਉਨ੍ਹਾਂ ਨੇ ਗੁਰਮਤਾ ਕੀਤਾ ਕਿ ਆਪਣੇ ਘਰ ਚਲੋ, ਜੇ ਹਾਲਾਤ ਠੀਕ ਰਹੇ ਤਾਂ ਸਾਰੇ ਆ ਜਾਵਾਂਗੇ । ਝੱਬਰ ਜੀ ਨੇ ਉਹ ਦਿਨ ਝਾੜੀਆਂ ਵਿਚ ਗੁਜਾਰਿਆਂ ਅਤੇ ਰਾਤ ਵੇਲੇ ਆਪਣੇ ਪਿੰਡ ਪੁਜੇ । ਘਰ ਤੋਂ ਚਾਰ ਸੌ ਰੁਪਏ ਲੈ ਕੇ ਫੁਲਵਰਨੀ ਸ: ਗੁਰਬਚਨ ਸਿੰਘ (ਜਿਹੜਾ ਮਲਾਇਆ ਤੋਂ ਆਇਆ ਹੋਇਆ ਸੀ,) ਦੇ ਪਾਸ ਪਤਾ ਕਰਨ ਲਈ ਗਏ ਕਿ ਬਿਦੇਸ਼ ਕਿਵੇਂ ਜਾ ਸਕਦੇ ਹਨ । ਉਥੇ ਪਤਾ ਲਗਾ ਕਿ ਝੱਬਰ ਜੀ ਅਤੇ ਤੇਜਾ ਸਿੰਘ ਚੂਹੜਕਾਣੇ ਦੇ ਵਾਰੰਟ ਜਾਰੀ ਹੋ ਗਏ ਹਨ ਅਤੇ ਸਾਰੀ ਸੰਪਤੀ ਜ਼ਬਰ ਕਰ ਲਈ ਗਈ ਹੈ । ਤੇਜਾ ਸਿੰਘ ਦੇ ਪਿਤਾ ਅਤੇ ਭਰਾ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ , ਝੱਬਰ ਜੀ ਘਰ ਵਾਪਸ ਆ ਗਏ, ਰੁਪਏ ਘਰ ਛਡ ਕੇ ਅਗਲੇ ਦਿਨ ਸ: ਅਮਰ ਸਿੰਘ ਇਲਾਕਾ ਮੈਜਿਸਟ੍ਰੇਟ ਦੇ ਸਾਹਮਣੇ ਮੋਮਨ ਸਟੇਸ਼ਨ ਵਿਖੇ ਪੇਸ਼ ਹੋਏ ।

ਉਨ੍ਹਾਂ ਨੇ ਝੱਬਰ ਜੀ ਨੂੰ ਰਾਤ ਸਾਂਗਲੇ ਰਖ ਕੇ ਅਗਲੇ ਦਿਨ ਚੂਹੜਕਾਣੇ ਲੈ ਆਂਦਾ । ਉਥੇ ਮਾਲ ਗਡੀ ਦੇ ਡਬਿਆਂ ਵਿਚ ਇਲਾਕੇ ਦੇ ਗ੍ਰਿਫਤਾਰ ਕੀਤੇ ਹੋਏ ਲੋਕ ਬੰਦ ਕੀਤੇ ਹੋਏ ਸਨ । ਇਥੇ ਝੱਬਰ ਨੂੰ ਵੀ ਬੰਦ ਕਰ ਦਿਤਾ । ਦੂਜੇ ਦਿਨ ਸ: ਤੇਜਾ ਸਿੰਘ ਚੂਹੜਕਾਣਾ ਨੂੰ ਵੀ ਗ੍ਰਿਫਤਾਰ ਕਰਕੇ ਲੈ ਆਏ । 28 ਅਪ੍ਰੈਲ ਨੂੰ ਲਾਹੌਰ ਤੋਂ ਕਮਿਸ਼ਨਰ ਦੇ ਆਉਣ ਤੇ ਝੱਬਰ ਜੀ ਨੂੰ ਇਹ ਕਹਿ ਕੇ ਉਸ ਦੇ ਪੇਸ਼ ਕੀਤਾ ਕਿ ਇਹ ਕਰਤਾਰ ਸਿੰਘ ਮੁਖ ਲੀਡਰ ਹੈ ।

29 ਅਪ੍ਰੈਲ ਨੂੰ ਮੰਡੀ ਚੂਹੜਕਾਣੇ ਦੇ ਬੰਗਲੇ ਨਹਿਰ ਵਿਚ ਸਰਕਾਰ ਵਲੋਂ ਇਕ ਜਲਸੇ ਦਾ ਪ੍ਰਬੰਧ ਕੀਤਾ ਗਿਆ । ਸਾਢੇ ਚਾਰ ਸੌ ਦੇ ਲਗ ਭਗ ਵਿਅਕਤੀ ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਨੂੰ ਇਕ ਪਾਸੇ ਬਿਠਾ ਦਿਤਾ । ਦੂਜੇ ਪਾਸੇ ਸਰਕਾਰ ਦੇ ਪੱਖੀ ਜਿਸ ਵਿਚ ਨਨਕਾਣੇ ਸਾਹਿਬ ਦਾ ਮਹੰਤ ਵੀ ਸੀ, ਬੈਠੇ ਹੋਏ ਸਨ । ਨਵੇਂ ਆਏ ਡਿਪਟੀ

ਕਮਿਸ਼ਨਰ ਨੇ ਪਹਿਲਾਂ ਤਾਂ ਅੰਗ੍ਰੇਜ਼ੀ ਸਰਕਾਰ ਦੀਆਂ ਕਾਰਗੁਜਾਰੀਆਂ ਦਾ ਵਰਨਣ ਕੀਤਾ । ਫਿਰ ਉਸ ਨੇ ਸਰਕਾਰ ਵਿਰੋਧੀਆਂ ਨੂੰ ਧਮਕੀਆਂ ਦਿਤੀਆਂ ਅਤੇ ਮੰਦਾ ਬੋਲਣ ਲਗ ਪਿਆ ।

ਭਾਸ਼ਨ ਤੋਂ ਪਿਛੋਂ ਅਪਰਾਧੀਆਂ ਨੂੰ ਚਾਰ ਭਾਗਾਂ ਵਿਚ ਵੰਡ ਦਿਤਾ। ਪਹਿਲੇ ਭਾਗ ਵਿਚ 30 ਆਗੂਆਂ ਨੂੰ ਵੱਖਰਾ ਕਰ ਲਿਆ ਅਤੇ ਐਲਾਨ ਕੀਤਾ ਕਿ ਇਨ੍ਹਾਂ ਤੇ ਮੁਕੱਦਮਾ ਲਾਹੌਰ ਵਿਖੇ ਚਲਾਇਆ ਜਾਵੇਗਾ । ਸਾਹੂਕਾਰ ਆੜਤੀਆਂ ਨੂੰ ਹਰ ਇਕ ਨੂੰ ਦੋ ਸਾਲ ਕੈਦ ਅਤੇ ਪੰਜ ਸੌ ਰੁਪਏ ਜੁਰਮਾਨੇ ਦੀ ਸਜ਼ਾ ਦਿਤੀ । ਬਾਕੀ ਅਪਰਾਧੀਆਂ ਨੂੰ ਹਰ ਇਕ ਨੂੰ ਛੇ ਮਹੀਨੇ ਸਖਤਾ ਕੈਦ ਦੀ ਸਜ਼ਾ ਦਿਤੀ । ਗ੍ਰਿਫਤਾਰ ਕੀਤੇ ਗਏ ਬਚਿਆਂ ਨੂੰ ਕਈ ਦਰਜਨ ਬੈਤਾਂ ਦੀ ਸਜ਼ਾ ਦਿਤੀ ਗਈ । 30 ਆਦਮੀ ਜਿਨ੍ਹਾਂ ਨੂੰ ਆਗੂ ਕਿਹਾ ਗਿਆ ਸੀ ਅਤੇ ਉਨ੍ਹਾਂ ਵਿਚ ਝੱਬਰ ਜੀ ਵੀ ਸਨ, ਨੂੰ ਲਾਹੌਰ ਬੋਰਸਟਲ ਜੇਲ੍ਹ ਵਿਚ ਲਿਆਂਦਾ ਗਿਆ । ਹਰ ਇਕ ਨੂੰ ਅਲੱਗ ਕੋਠੜੀ ਵਿਚ ਬੰਦ ਕਰ ਦਿਤਾ ।

19, 20 ਅਤੇ 21 ਮਈ ਇਨ੍ਹਾਂ ਦੀਆਂ ਪੇਸ਼ੀਆਂ ਯੂਨੀਵਰਸਿਟੀ ਹਾਲ ਲਾਹੌਰ ਵਿਚ ਪੈਂਦੀਆਂ ਰਹੀਆਂ । ਜਦੋਂ ਵੀ ਪੇਸ਼ੀ ਵਾਸਤੇ ਲੈ ਜਾਇਆ ਜਾਂਦਾ ਤਾਂ ਚੂਹੜਕਾਣੇ ਦਾ ਜਥਾ ਅਗੇ ਹੁੰਦਾ ਅਤੇ ਗੁਜਰਾਂਵਾਲੇ ਦਾ ਜਥਾ ਪਿਛੇ ਹੁੰਦਾ । ਦੋ ਆਦਮੀਆਂ ਦੀ ਕਤਾਰ ਵਿਚ ਹਥਕੜੀਆਂ ਲਗਾ ਕੇ ਇਨ੍ਹਾਂ ਨੂੰ ਲੈ ਜਾਇਆ ਜਾਂਦਾ ਸੀ । ਇਹ ਸਾਰੇ ਸ਼ਬਦ ਗਾਉਂਦੇ ਜਾਂਦੇ ਸੀ ।

ਝੱਬਰ ਜੀ ਦੇ ਵਿਰੁੱਧ ਭੁਗਤੇ ਗਵਾਹਾਂ ਵਿਚ ਭਾਈ ਸ਼ੀਸ਼ਾ ਸ਼ੇਰੋਕਾ (ਚੂਹੜਕਾਣਾ) ਪੁਲਿਸ ਦਾ ਪਿਠੂ ਸੀ । ਉਸ ਨੇ ਬਿਆਨ ਦਿਤਾ ਕਿ ਝੱਬਰ ਜੀ ਨੇ ਗੱਡੀ ਦਾ ਸ਼ੀਸ਼ਾ ਤੋੜਿਆ ਸੀ । ਬਾਬੂ ਦੀਵਾਨ ਚੰਦ ਪਲੇਟੀਅਰ, ਜਿਸ ਨੂੰ ਝੱਬਰ ਜੀ ਨੇ ਇਕ ਰੇਲ ਕਰਮਚਾਰੀ ਤੋਂ ਬਚਾਇਆ ਸੀ, ਨੇ ਬਿਆਨ ਦਿਤਾ ਕਿ ਝੱਬਰ ਜੀ ਨੇ ਕਿਹਾ ਕਿ 'ਇਸ ਨੂੰ ਮਾਰੋ ਤੇ ਗੱਡੀ ਲੁਟ ਲਓ ।' ਬਾਵਾ ਬੁੱਧ ਸਿੰਘ, ਨਿਗਰਾਨ ਇੰਜੀਨੀਅਰ, ਪੀ. ਪਬਲਯੂ. ਡੀ. ਨੇ ਸਰਕਾਰੀ ਨੌਕਰ ਹੋਣ ਅਤੇ ਪੁਲਿਸ ਦੀਆਂ ਧਮਕੀਆਂ ਦੇ ਬਾਵਜੂਦ ਝੱਬਰ ਜੀ ਦੇ ਹਕ ਵਿਚ ਗਵਾਹੀ ਦਿਤੀ।

22 ਮਈ, 1919 ਨੂੰ ਤਿੰਨ ਸੈਸਨ ਜੱਜਾਂ ਨੇ ਸਤਾਰਾਂ ਆਦਮੀਆਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿਤੀ । ਉਨ੍ਹਾਂ ਨੇ ਛੇ ਆਦਮੀਆਂ , ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਚੂਹੜਕਾਣਾ , ਕਾਹਨ ਸਿੰਘ ਚੂਹੜਕਾਣਾ ਜਾਗੀਰ ਸਿੰਘ ਮਰੀਦਕਾ, ਮਹਣਾ ਸਿੰਘ ਨੌਖਰ ਅਤੇ ਮੇਹਰਦੀਨ ਲੁਹਾਰ ਨੂੰ ਫਾਂਸੀ ਦੀ ਸਜ਼ਾ ਦਿਤੀ । ਆਦੇਸ਼ ਸੁਣਦੇ ਸਾਰ ਹੀ ਝੱਬਰ ਜੀ ਨੇ ਸਤਿ ਸ੍ਰੀ ਅਕਾਲ ਦੇ ਪੰਜ ਜੈਕਾਰੇ ਛਡੇ ਜਿਨ੍ਹਾਂ ਨਾਲ ਯੂਨੀਵਰਸਿਟੀ ਹਾਲ ਨੂੰ ਗੁੰਜਾ ਦਿਤਾ ।

ਇਹਨਾਂ 23 ਅਪਰਾਧੀਆਂ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਕੈਦ ਕੀਤਾ । ਫਾਂਸੀ ਦੇ ਛੇ ਕੈਦੀਆਂ ਨੂੰ ਵਾਰਡ ਨੰ: 14 ਵਿਚ ਕਮਰਿਆਂ ਵਿਚ ਬੰਦ ਕੀਤਾ । ਹਰ ਕਮਰੇ ਵਿਚ ਇਕ ਮਾਰਸ਼ਲ ਲਾ ਕੈਦੀ ਅਤੇ ਇਕ ਇਖਲਾਕੀ ਕੈਦੀ ਬੰਦ ਕੀਤਾ ਹੋਇਆ ਸੀ ।

ਇਸ ਜੇਲ੍ਹ ਵਿਚ ਝੱਬਰ ਜੀ ਨੂੰ ਇਕ ਬਾਟੀ ਪਾਣੀ ਦੀ ਮਿਲਦੀ ਸੀ। ਉਹ ਸਵੇਰੇ ਉਠ ਕੇ ਪੰਜ ਇਸ਼ਨਾਨਾ ਕਰਕੇ ਬਾਣੀ ਦਾ ਪਾਠ ਹਰ ਰੋਜ਼ ਕਰਦੇ ਸਨ । ਉਨ੍ਹਾਂ ਨੂੰ 29-30 ਮਈ ਦੀ ਦਰਮਿਆਨੀ ਰਾਤ ਨੂੰ ਸੁਪਨੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦਿਤੇ।[15] ਦਰੋਗੇ ਨੇ ਦਸਿਆ ਕਿ ਚੂਹੜਕਾਣੇ ਦੇ ਛੇ ਕੈਦੀਆਂ ਦੀ ਫਾਂਸੀ ਦੀ ਸਜ਼ਾ ਕਾਲੇ ਪਾਣੀ ਉਮਰ ਕੈਦ ਵਿਚ ਬਦਲ ਦਿਤੀ ਹੈ ।[16]

6 ਜੂਨ, 1919 ਨੂੰ ਇਨ੍ਹਾਂ ਛੇ ਕੈਦੀਆਂ ਦਾ ਡਾਕਟਰੀ ਮੁਆਇਨਾ ਕਾਲੇ ਪਾਣੀ (ਅੰਡੇਮਾਨ ਨਿਕੋਬਾਰ) ਜਾਣ ਲਈ ਕਰਵਾਇਆ । ਇਹ ਸ਼ਰਤ ਸੀ ਕਿ ਜਿਸ ਆਦਮੀ ਦੀ ਸਿੰਘ ਤੇ ਜਗੀਰ ਸਿੰਘ ਛੋਟੀ ਉਮਰ ਦੇ ਸਨ ਉਨ੍ਹਾਂ ਨੂੰ ਭੇਜਣ ਲਈ ਨਿਯਤ ਕੀਤਾ । ਭਾਈ ਤੇਜਾ ਸਿੰਘ ਦੇ ਕਹਿਣ ਤੇ ਝੱਬਰ ਜੀ ਨੇ ਆਪਣੀ ਉਮਰ 45 ਸਾਲ ਦੀ ਥਾਂ 39 ਸਾਲ ਲਿਖਵਾ ਦਿਤੀ ਤਾਂ ਕਿ ਉਹ ਆਪਣੇ ਸਾਥੀਆਂ ਨਾਲ ਰਹਿ ਸਕਣ ।

7 ਜੂਨ ਨੂੰ ਇਨ੍ਹਾਂ ਕਾਲੇ ਪਾਣੀ ਦੇ ਕੈਦੀਆਂ ਨੂੰ ਲਾਹੌਰ ਤੋਂ ਰੇਲ ਗੱਡੀ ਵਿਚ ਬਿਠਾ ਕੇ ਕਲਕਤੇ ਲੈ ਆਂਦਾ । ਇਨ੍ਹਾਂ ਨੂੰ ਬੰਦ ਗਡੀਆਂ ਵਿਚ ਬਿਠਾ ਕੇ ਅਲੀਪੁਰ ਜੇਲ੍ਹ ਕਲਕਤਾ ਵਿਚ ਵੱਖ ਵੱਖ ਕਮਰਿਆਂ ਵਿਚ ਬੰਦ ਕਰ ਦਿਤਾ । ਇਨੰਾਂ ਨੂੰ ਇਕ ਘੰਟਾ ਸਵੇਰੇ ਨਹਾਣ ਲਈ ਅਤੇ ਇਕ ਘੰਟਾ ਸ਼ਾਮ ਨੂੰ ਛੇ ਵਜੇ ਬਾਹਰ ਕਢਦੇ ਸੀ । ਬਾਕੀ 22 ਘੰਟੇ ਇਹ ਕਮਰੇ ਵਿਚ ਬੰਦ ਰਖੇ ਜਾਂਦੇ ਸਨ ।

ਦੱਸ ਦਿਨ ਜੇਲ੍ਹ ਵਿਚ ਰਖਣ ਤੋਂ ਪਿਛੋਂ ਇਨ੍ਹਾਂ ਕੈਦੀਆਂ ਨੂੰ ਕਾਲੇ ਪਾਣੀ (ਅੰਡੇਮਾਨ ਨਿਕੋਬਾਰ) ਦੇ ਲਈ ਸਮੁੰਦਰੀ ਜਹਾਜ਼ ਦੇ ਵਿਚ 125 ਕੈਦੀ ਸਨ, ਇਨ੍ਹਾਂ ਵਿਚੋਂ 8● ਹਿੰਦੂ ਅਤੇ ਸਿੱਖ ਸਨ । ਇਨ੍ਹਾਂ ਨੇ ਇਸ ਬੁਰੇ ਵਿਹਾਰ ਤੇ ਭੁੱਖ ਹੜਤਾਲ ਕਰ ਦਿਤੀ । ਸਮੁੰਦਰ ਵਿਚ ਤੂਫਾਨ ਆਉਣ ਦੇ ਕਾਰਨ ਜਹਾਜ਼ ਛੇਵੇਂ ਦਿਨ ਪੋਰਟ ਬਲੇਅਰ ਪਹੁੰਚਿਆ । ਜੇਲ੍ਹ ਦੀ ਪੁਲਿਸ ਇਨ੍ਹਾਂ ਨੂੰ ਲੈਣ ਵਾਸਤੇ ਆਈ ਹੋਈ ਸੀ । ਜਦੋਂ ਇਹ ਕੈਦੀ ਜੇਲ੍ਹ ਦੇ ਨੇੜੇ ਪਹੁੰਚੇ ਜੇਲ੍ਹ ਦੀ ਤੀਜੀ ਛੱਤ ਵਿਚ ਕੋਨੇ ਦੀ ਕੋਠੀ ਦੇ ਬਰਾਂਡੇ ਵਿਚ ਮਾਸਟਰ ਚਤਰ ਸਿੰਘ ਖੜਾ ਸੀ । ਮਾਸਟਰ ਚਤਰ ਸਿੰਘ ਪਹਿਲਾ ਸਾਂਗਲਾ ਹਿਲ ਸਕੂਲ ਵਿਚ ਮਾਸਟਰ ਹੁੰਦਾ ਸੀ । ਉਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਦੇ ਭੁਲੇਖੇ ਵਿਚ ਕਿਸੇ ਹੋਰ ਅੰਗ੍ਰੇਜ਼ ਪ੍ਰੋਫੈਸਰ ਤੇ ਕਾਤਲਾਨਾ ਹੱਲਾ ਕਰ ਦਿਤਾ ਸੀ । ਇਸ ਜ਼ੁਰਮ ਵਿਚ ਇਸ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਸੀ । ਮਾਸਟਰ ਜੀ ਨੇ ਕਿਹਾ ਕਿ ਝੱਬਰ ਜੀ ਆ ਗਏ ਹੋ । ਝੱਬਰ ਜੀ ਨੇ ਉਤਰ ਦਿਤਾ ਕਿ ਤੁਹਾਨੂੰ ਲੈਣ ਆਏ ਹਾਂ ।
ਇਨ੍ਹਾਂ ਕੈਦੀਆਂ ਨੂੰ ਲਕੜੀ ਦੀਆਂ ਬੈਰਕਾਂ ਵਿਚ ਪੰਦਰਾਂ ਦਿਨ ਕੁਰਾਟੀਨ ਰਖਿਆ ਗਿਆ । ਬਾਰਾਂ ਆਦਮੀਆਂ ਨੇ ਰੋਟੀ ਨਹੀਂ ਖਾਧੀ । ਸਤਵੇਂ ਦਿਨ ਕਮਿਸ਼ਨਰ ਦੇ ਪੇਸ਼ ਹੋਣ ਤੇ ਇਨ੍ਹਾਂ ਨੇ ਬਿਆਨ ਦਿਤਾ ਕਿ ਜਹਾਜ਼ ਵਿਚ ਹਿੰਦੂ ਅਤੇ ਸਿੱਖਾਂ ਦੇ ਖਾਣੇ ਦਾ ਕਾਨੂੰਨ ਬਦਲ ਦੇਵੋ ਅਤੇ ਚਾਵਲਾਂ ਦਾ ਰਾਸ਼ਨ ਦਿਉ । ਇਹ ਮੰਗ ਮੰਨਣ ਤੇ ਇਨ੍ਹਾਂ ਰੋਟੀ ਖਾਧੀ ।

ਸੋਲ੍ਹਵੇਂ ਦਿਨ ਇਨ੍ਹਾਂ ਕੈਦੀਆਂ ਦੀਆਂ ਜੁਤੀਆਂ ਉਤਰਵਾ ਕੇ ਇਨ੍ਹਾਂ ਨੂੰ ਕੋਠੀਆਂ ਵਿਚ ਬੰਦ ਕਰ ਦਿਤਾ । ਇਨ੍ਹਾਂ ਕੋਠੀਆਂ ਵਿਚ ਮਸ਼ੀਨੀ ਕੋਲ੍ਹੂ ਨੂੰ ਹਥ ਨਾਲ ਚਲਾ ਕੇ 6● ਪੌਂਡ ਨਲੇਘਰ ਵਿਚੋ ਤੇਲ ਕਢਦੇ ਸੀ । ਸੰਨ 1915 ਦੇ ਪੁਰਾਣੇ ਕੈਦੀਆਂ ਨੇ ਇਨ੍ਹਾਂ ਨੂੰ ਸੰਦੇਸ਼ਾ ਭੇਜਿਆ ਕਿ ਕੋਲ੍ਹੂ ਨਾ ਗੇੜਨ । ਤੀਜੇ ਦਿਨ ਝੱਬਰ ਜੀ ਨੂੰ ਰਾਜਨੀਤਕ ਕੈਦੀਆਂ ਵਿਚ ਸ਼ਾਮਲ ਕੀਤਾ ਗਿਆ । ਇਨ੍ਹਾਂ ਨੂੰ ਹਾਤਾ ਨੰ: 6 ਵਿਚ ਭੇਜਿਆ ਗਿਆ । ਇਸ ਹਾਤੇ ਵਿਚ ਮਾਸਟਰ ਕ੍ਰਿਪਾ ਰਾਮ ਪਿੰਡ ਗੁਰੂ ਮਾਂਗਟ ਜਿਲ੍ਹਾ ਗੁਜਰਾਤ ਦੇ ਵਾਸੀ ਸੰਨ 1915 ਦੇ ਵਿਚੋਂ ਸਨ । ਹਿਰਦਾ ਰਾਮ ਹੁਸ਼ਿਆਰਪੁਰ ਦੇ ਸਨ । ਭਾਈ ਕਪੂਰ ਸਿੰਘ ਪਿੰਡ ਮੋਹੀ ਜ਼ਿਲ੍ਹਾ ਲੁਧਿਆਣਾ ਦੇ ਸਨ ਅਤੇ ਉਹ ਅਮਰੀਕਾ ਵਿਚ ਸਾਨ ਫਰਾਂਸਿਸਕੋ ਵਿਖੇ ਆਪਣੀ ਢਾਈ ਲੱਖ ਦੀ ਸੰਪਤੀ ਛੱਡ ਕੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਹਿਸਾ ਲੈਣ ਲਈ ਆਏ ਸਨ । ਉਨ੍ਹਾਂ ਨੂੰ ਬ੍ਰਹਮਾ ਸਾਜ਼ਸ਼ ਕੇਸ ਵਿਚ ਕਾਲੇ ਪਾਣੀ ਦੀ ਸਜ਼ਾ ਹੋਈ ਸੀ । ਝੱਬਰ ਜੀ ਦੇ ਇਨ੍ਹਾਂ ਨਾਲ ਮੇਲ ਕਾਰਨ ਉਨ੍ਹਾਂ ਨੂੰ ਰਾਜਨੀਤੀ ਬਾਰੇ ਕਾਫੀ ਜਾਨਕਾਰੀ ਹੋਈ । ਝੱਬਰ ਜੀ ਦੇ ਧਾਰਮਿਕ ਖਿਆਲਾਂ ਨੇ ਇਨ੍ਹਾਂ ਤੇ ਗੂੜ ਪ੍ਰਭਾਵ ਪਾਇਆ । ਇਸ ਸਮੇਂ ਭਾਈ ਪਰਮਾਨੰਦ ਹਸਪਤਾਲ ਵਿਚ ਰਹਿੰਦੇ ਸੀ । ਬੀਮਾਰਾਂ ਦੀ ਟੈਮਪਰੇਚਰ ਦੇਖਣ ਅਤੇ ਦੁਧ ਵਰਤਾਣ ਤੇ ਇਨ੍ਹਾਂ ਨੂੰ ਲਗਾਇਆ ਗਿਆ ਸੀ । ਰਾਜਨੀਤਕ ਕੈਦੀਆਂ ਨੇ ਜੇ ਮਿਲਣਾ ਹੁੰਦਾ ਤਾਂ ਹਸਪਤਾਲ ਚਲੇ ਜਾਂਦੇ ਅਤੇ ਉਥੇ ਗਲਬਾਤ ਕਰਦੇ । ਝੱਬਰ ਜੀ ਨੇ ਜੇਲ੍ਹ ਵਿਚ ਕੈਦੀਆਂ ਨੂੰ ਬੜੀ ਲਗਨ ਨਾਲ ਗੁਰਬਾਣੀ ਦਾ ਪਾਠ

ਕਰਦੇ ਸੁਣਿਆ । ਉਨ੍ਹਾਂ ਨੂੰ ਪਤਾ ਲਗਾ ਕਿ ਇਹ ਬਜ ਬਜ ਤੋਂ ਗ੍ਰਿਫਤਾਰ ਕੀਤੇ ਹੋਏ ਸਿੱਖ ਕੈਦੀ ਹਨ । ਇਹ ਗੱਲ ਸੁਣ ਕੇ ਇਨ੍ਹਾਂ ਨੂੰ ਸ. ਅਰੂੜ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ ਦੀ ਉਸ ਮਹਾਨ ਭੁੱਲ ਬਾਰੇ ਜੋ ਉਸ ਨੇ ਅਕਾਲ ਤਖਤ ਤੇ ਇਹ ਮਤਾ ਪਾਸ ਕਰਕੇ ਕੀਤੀ ਸੀ ਕਿ ਜਿਨ੍ਹਾਂ ਸਿੱਖਾਂ ਨੇ ਬਜਬਜ ਘਾਟ ਤੇ ਪੁਲਿਸ ਅਤੇ ਅੰਗ੍ਰੇਜ਼ ਅਫ਼ਸਰਾਂ ਦਾ ਟਾਕਰਾ ਕੀਤਾ ਹੈ, ਉਹ ਗੁਰੂ ਦੇ ਸਿੱਖ ਨਹੀਂ ਹਨ, ਬਹੁਤ ਅਫਸੋਸ ਹੋਇਆ ।

ਜੇਲ੍ਹ ਦੇ ਵਿਚ ਰਾਜਨੀਤਕ ਕੈਦੀਆਂ ਦੀ ਆਪਣੀਆਂ ਪੁਸਤਕਾਂ ਦੀ ਲਾਇਬ੍ਰੇਰੀ ਸੀ । ਭਾਈ ਕਪੂਰ ਸਿੰਘ ਨੇ ਝੱਬਰ ਜੀ ਨੂੰ ਲਾਲਾ ਹਰਦਿਆਲ ਦੀ ਲਿਖੀ ਹੋਈ "ਹਮਾਰੀ ਮਾਦਰੀ ਭਾਸ਼ਾ" ਪੁਸਤਕ ਪੜ੍ਹਣ ਲਈ ਦਿਤੀ । ਪਹਿਲਾਂ ਵੀ ਝੱਬਰ ਜੀ ਹਰਦਿਆਲ ਦੀ ਲਿਖੀ ਹੋਈ ਪੁਸਤਕ 'ਕੌਮੀ ਤਾਲੀਮ' ਪੜ੍ਹ ਚੁਕੇ ਸੀ । ਇਸ ਪੁਸਤਕ ਵਿਚ ਹਿੰਦੀ ਨੂੰ ਸਾਰੇ ਭਾਰਤ ਦੀ ਮਾਦਰੀ ਜ਼ਬਾਨ ਦਸਣ ਤੇ ਜ਼ੋਰ ਲਾਇਆ ਸੀ । ਇਸ ਵਿਚ ਬੰਗਾਲੀ, ਮਰਹਟੀ, ਸਿੰਧੀ, ਪੰਜਾਬੀ ਆਦਿ ਭਾਸ਼ਾਵਾਂ ਦਾ ਖੰਡਨ ਕੀਤਾ ਸੀ । ਉਸ ਨੇ ਪੰਜਾਬੀ ਨੂੰ ਅਧੂਰੀ ਭਾਸ਼ਾ ਲਿਖਿਆ ਸੀ । ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਂ ਫਾਰਸੀ ਵਿਚ ਦਸਦਿਆਂ ਮਸ਼ਕਰੀ ਕੀਤੀ ਸੀ। ਝੱਬਰ ਜੀ ਨੂੰ ਇਸ ਤੇ ਬੜਾ ਗੁਸਾ ਆਇਆ । ਉਨ੍ਹਾਂ ਨੇ ਲਾਲਾ ਹਰਦਿਆਲ ਦੀ ਇਸ ਗਲਤੀ ਬਾਰੇ ਕਪੂਰ ਸਿੰਘ ਨੂੰ ਦਲੀਲਾਂ ਦੇ ਕੇ ਮੰਨਵਾਇਆ । ਉਨ੍ਹਾਂ ਦੀ ਇਸ ਗਲ ਦੀ ਰਾਜਨੀਤਕ ਕੈਦੀਆਂ ਵਿਚ ਬੜੀ ਚਰਚਾ ਹੋਈ ।

ਪੰਜ ਮਹੀਨੇ ਪਿਛੋਂ ਝੱਬਰ ਨੂੰ ਬੈਰਕ ਨੰਬਰ 4 ਵਿਚ ਰਖਿਆ । ਦੋ ਮਹੀਨੇ ਪਿਛੋਂ ਇਨ੍ਹਾਂ ਨੂੰ ਬੈਰਕ ਨੰ: 3 ਵਿਚ ਭੇਜ ਦਿਤਾ ਏਥੋ ਬਾਬਾ ਨਿਧਾਨ ਸਿੰਘ ਚੁਘੇਵਾਲੇ ਮਿਲੇ । ਇਸ ਬੁਢਾਪੇ ਵਿਚ ਵੀ ਰਾਤ ਦੇ 1 ਵਜੇ ਤੋਂ ਸਵੇਰੇ 8 ਵਜੇ ਤਕ ਪੰਜ ਗ੍ਰੰਥੀ ਦਾ ਪਾਠ ਕਰਦੇ ਸੀ ।

ਛੇ ਮਹੀਨੇ ਪਿਛੋਂ ਝੱਬਰ ਜੀ ਅਤੇ ਇਨ੍ਹਾਂ ਦੇ ਸਾਥੀਆਂ ਦੀ ਸਜ਼ਾ ਉਮਰ ਕੈਦ ਤੋਂ ਘਟਾ ਕੇ ਸਤ ਸਾਲ ਕੈਦ ਕਰ ਦਿਤੀ । ਇਨ੍ਹਾਂ ਨੂੰ ਪਤਾ ਲਗਾ ਕਿ ਇਹ ਇੰਗਲੈਂਡ ਵਿਚ ਲੋਕ ਮਾਨੀਆ ਤਿਲਕ ਦੀ ਕੋਸ਼ਿਸ਼ ਕਾਰਨ ਸੀ । ਮਾਰਚ 192● ਵਿਚ ਬਾਦਸ਼ਾਹ ਵਲੋਂ ਇਨ੍ਹਾਂ ਸਾਰਿਆਂ ਦੀ ਰਿਹਾਈ ਦਾ ਐਲਾਨ ਹੋਇਆ । ਸਮੁੰਦਰੀ ਜਹਾਜ਼ ਵਿਚ ਇਨ੍ਹਾਂ ਨੂੰ ਕਲਕਤੇ ਲਿਆਂਦਾ ਗਿਆ । ਉਥੇ ਇਨ੍ਹਾਂ ਨੂੰ ਪੁਲਿਸ ਮੋਚੀਵਾੜੇ ਦੇ ਥਾਣੇ ਲੈ ਗਈ ਅਤੇ ਆਦੇਸ਼ ਦਿਤੇ ਕਿ ਦੋਵੇਂ ਵੇਲੇ ਇਥੇ ਹਾਜ਼ਰੀ ਲਗਵਾਉ । ਇਹ ਸਾਰੇ ਸ਼ਾਮ ਦੇ ਅਠ ਵਜੇ ਹਾਜ਼ਰੀ ਲਗਵਾਉਣ ਲਈ ਗਏ ਤਾਂ ਰਾਹ ਵਿਚ ਇਨ੍ਹਾਂ ਨੂੰ ਸੱਤ ਅਠ ਕਾਂਗਰਸੀ ਆਗੂ ਮਿਲੇ ਅਤੇ ਮੁਹੰਮਦ ਅਲੀ ਸ਼ੌਕਤ ਅਲੀ ਦੇ ਨਿਵਾਸ ਅਸਥਾਨ ਤੇ ਇਨ੍ਹਾਂ ਨੂੰ ਅਗਲੇ ਦਿਨ ਖਾਣੇ ਤੇ ਬੁਲਾਇਆ ।

ਅਗਲੇ ਦਿਨ ਸਵੇਰੇ ਇਨ੍ਹਾਂ ਨੂੰ ਜਲੂਸ ਦੀ ਸ਼ਕਲ ਵਿਚ ਮੁਹੰਮਦ ਅਲੀ ਦੇ ਨਿਵਾਸ ਅਸਥਾਨ ਤੇ ਲੈ ਜਾਇਆ ਗਿਆ । ਇਥੇ ਇਹ ਬੈਠਕ ਵਿਚ ਪੰਜਾਬੀ ਆਗੂ ਇਨ੍ਹਾਂ ਨੂੰ ਬੜੇ ਪ੍ਰੇਮ ਨਾਲ ਮਿਲੇ । ਖਾਣੇ ਦੇ ਵੇਲੇ ਮੌਲਾਨਾ ਮੁਹੰਮਦ ਅਲੀ ਸਾਹਿਬ ਬੋਲੇ "ਭਾਈ ਸਾਹਿਬ ਜੀ ! ਮੁਸਲਮਾਨ ਭਾਈ ਇਕ ਪਾਸੇ ਹੋ ਜਾਣ ਅਤੇ ਹਿੰਦੂ ਅਤੇ ਸਿੱਖ ਸਾਹਿਬ ਇਕ ਪਾਸੇ, ਖਾਣਾ ਆ ਰਿਹਾ ਹੈ ।" ਉਤਰ ਵਿਚ ਝੱਬਰ ਜੀ ਨੇ ਕਿਹਾ ,"ਮੌਲਾਨਾ ਸਾਹਿਬ ! ਖਾਣਾ ਆਣ ਦਿਓ ਮਾਸ ਨਾ ਲਿਆਉ ਅਸੀਂ ਮੁਸਲਮਾਨ-ਹਿੰਦੂ-ਸਿੱਖ ਸਭ ਇਕ ਬਰਤਨ ਵਿਚ ਖਾਣਾ ਖਾਵਾਂਗੇ । ਮਿਲਕਰ ਖਾਣ ਦੀ ਵਜ੍ਹਾਂ ਤੋਂ ਹੀ ਅਸੀਂ ਕਾਲੇ ਪਾਣੀ ਅਤੇ ਫਾਂਸੀ ਆਦਿ ਤਕਲੀਫਾਂ ਝਲੀਆਂ । ਐਸੀ ਸੱਚੀ ਪਰੀਤੀ ਅਸੀਂ ਹੁਣ ਨਹੀਂ ਛਡਦੇ । ਖਾਣਾ ਆਨ ਦਿਓ ।" ਖਾਣਾ ਆ ਗਿਆ ਅਤੇ ਇਕ ਇਕ ਥਾਲ ਤੇ ਤਿੰਨ ਤਿੰਨ ਆਦਮੀ ਇਕ ਹਿੰਦੂ, ਇਕ ਸਿੱਖ ਅਤੇ ਇਕ ਮੁਸਲਮਾਨ ਨੇ ਖਾਧਾ । ਇਹ ਦੇਖ ਕੇ ਸਾਰੇ ਆਗੂ ਦੰਗ ਰਹਿ ਗਏ ।

ਕਲਕਤੇ ਤੋਂ ਉਨ੍ਹਾਂ ਨੂੰ ਪੁਲਿਸ ਉਨ੍ਹਾਂ ਦੇ ਜਿਲਿਆਂ ਵਿਚ ਛਡ ਆਈ । ਜਿਲਿਆਂ ਵਿਚ ਸਿਪਾਹੀ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਛੱਡ ਆਏ । ਝੱਬਰ ਜੀ ਨੇ 11 ਅਪ੍ਰੈਲ 1919 ਨੂੰ ਜਲਿਆਂ ਵਾਲੇ ਬਾਗ਼ ਵਿਚ ਭਾਸ਼ਨ ਦਿਤਾ ਸੀ । ਉਸ ਤੋਂ ਠੀਕ 11 ਮਹੀਨੇ ਅਤੇ 6 ਦਿਨ ਪਿਛੋਂ ਇਹ 17 ਮਾਰਚ, 192● ਨੂੰ ਮੁੜ ਆਪਣੇ ਪਿੰਡ ਝੱਬਰ ਜ਼ਿਲ੍ਹਾ ਸ਼ੇਖੂਪੁਰਾ ਵਿਚ ਪਹੁੰਚੇ ।[17]

1. ਵੀ. ਐਨ. ਦੱਤ, ਜਲਿਆਂ ਵਾਲੀ ਬਾਗ, ਪੰ. 31
2. V. D. Mahajan, The Nationalit Movement in India, p. 292.
3. Proceedings of the Legislative Council of Punjab 1919, Vol. X, P. 290-91.
4. Michael O Dwyer, India As I knew It, P. 271.
5. ਵੀ. ਡੀ. ਮਹਾਜਨ ਉਕਤ,ਪੰ. 293 .
6. ਨਰੈਣ ਸਿੰਘ (ਸੌ), ਅਕਾਲੀ ਮੋਰਚੇ ਤੇ ਝੱਬਰ, ਪੰ. 35 ਪ੍ਰਤਾਪ ਸਿੰਘ, ਅਕਾਲੀ ਲਹਿਰ ਦੇ ਮਹਾਨ ਨੇਤਾ, ਪੰ. 9●.
7. Ian Colvin, The Life of General Dyer, P 76.
8. ਉਹੀ– ਪੰ: 178
9. Statement Exhibiting the Moral and Material Progress and condition of India, P. 36.
10. Proceeding of Indian Legislative Council, April, 1919 to March, 1920 Vol. LxVII, P. 148.
11. Pearay Mohan, An Imaginary Rebellion, P. 417.
12. ਨਰੈਣ ਸਿੰਘ ਉਕਤ, ਪੰ: 36
13. Evidence taken before the Disorders Committee. Vol, V, P. 214.
14. ਉਹੀ, ਪੰ: 214–215.
15. ਨਰੈਣ ਸਿੰਘ ਉਕਤ, ਪੰ: 36–42
16. ਉਹੀ ਪੰ: 42, ਪ੍ਰਤਾਪ ਸਿੰਘ, ਅਕਾਲੀ ਲਹਿਰ ਦੇ ਮਹਾਨ ਨੇਤਾ ਪੰ: 1●●
17. ਉਹੀ, ਪੰਨਾ : 4●–51